# ਅਮਰੀਕਾ ਨੂੰ ਪਾਕਿਸਤਾਨ ਤੋਂ ਖ਼ਤਰਾ?

ਅੱਜ ਕਲ ਅਮਰੀਕਾ ਵਿਚ ਰੋਜ਼ ਹੀ ਪਾਕਿਸਤਾਨ ਦੇ ਖ਼ਿਲਾਫ਼ ਚਰਚਾ ਹੁੰਦੀ ਰਹਿੰਦੀ ਹੈ। ਰੋਜ਼ਾਨਾ ਕਿਸੇ ਨਾ ਕਿਸੇ ਸਿਆਸਤਦਾਨ ਜਾਂ ਅਫਸਰ ਦਾ ਬਿਆਨ ਆਉਂਦਾ ਰਹਿੰਦਾ ਕਿ ਪਾਕਿਸਤਾਨ ਤੋਂ ਦੁਨੀਆ ਨੂੰ ਬੜਾ ਖ਼ਤਰਾ ਹੈ ਅਤੇ ਇਹ ਦਹਿਸ਼ਤਗਰਦੀ ਦਾ ਆਲਮੀ ਅੱਡਾ ਬਨਦਾ ਜਾ ਰਿਹਾ ਹੈ। ਅਮਰੀਕਾ ਵਿਚ ਪਾਕਿਸਤਾਨ ਨੂੰ ਇਮਦਾਦ ਖ਼ਤਮ ਕਰਨ ਬਾਰੇ ਵੀ ਗੱਲਾਂ ਹੋ ਰਹੀਆਂ ਹਨ। ਹਰ ਰੋਜ਼ ਹੀ ਕੋਈ ਨਾ ਕੋਈ ਇਹੋ ਜਿਹਾ ਸ਼ੋਸ਼ਾ ਛੱਡਿਆ ਜਾਂਦਾ ਜਿਸ ਤੋਂ ਇੰਜ ਲਗਦਾ ਹੈ ਜਿਵੇਂ ਪਾਕਿਸਤਾਨ ਹੀ ਦੁਨੀਆ ਦੀ ਹਰ ਬੁਰਾਈ ਦੀ ਜੜ੍ਹ ਹੋਵੇ ਅਤੇ ਅਮਰੀਕਾ ਦੇ ਮਸਲਿਆਂ ਦੀ ਜੜ੍ਹ ਵੀ ਪਾਕਿਸਤਾਨ ਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤਾਈਂ ਕਿਸੇ ਦਾਨਿਸ਼ਵਰ ਨੇ ਇਹ ਨਹੀਂ ਕਿਹਾ ਕਿ ਅਮਰੀਕਾ ਸਿਰ ਕਰਜ਼ੇ ਦੀ ਭਾਰੀ ਪੰਡ ਦੇ ਮਸਲੇ ਦੀ ਜੜ੍ਹ ਵੀ ਪਾਕਿਸਤਾਨ ਹੀ ਹੈ। ਪਰ ਸ਼ਾਇਦ ਉਹ ਦਿਨ ਵੀ ਆ ਜਾਵੇ।

ਮੈਨੂੰ ਉਹ ਦਿਨ ਵੀ ਯਾਦ ਹਨ ਜਦ ਅਮਰੀਕਾ ਪਾਕਿਸਤਾਨ ਨੂੰ ਆਪਣੇ ਸਾਰਿਆਂ ਨਾਲੋਂ ਕਰੀਬੀ ਦੋਸਤਾਂ ਵਿਚੋਂ ਇਕ ਸਮਝਦਾ ਸੀ। ਪਾਕਿਸਤਾਨੀ ਸ਼ਹਿਰੀਆਂ ਨੂੰ ਅਮਰੀਕਾ ਆਉਣ ਲਈ ਵੀਜ਼ੇ ਦੀ ਲੋੜ ਨਹੀਂ ਹੁੰਦੀ ਸੀ। ਅਮਰੀਕਨ ਕਾਰਾਂ ਅਤੇ ਹੋਰ ਵਸਤਾਂ ਪਾਕਿਸਤਾਨ ਵਿਚ ਬੜੇ ਆਰਾਮ ਨਾਮ ਮਿਲ ਜਾਂਦੀਆਂ ਸਨ। ਉਨ੍ਹਾਂ ਦਿਨਾਂ ਵਿਚ ਕਿਹਾ ਜਾਂਦਾ ਸੀ ਕਿ ਪਾਕਿਸਤਾਨ ਅਤੇ ਅਮਰੀਕਾ ਬੜੇ ਕਰੀਬ ਹਨ ਬਲਕਿ ਜੁੜਵੇਂ ਭਾਈ ਹਨ। ਅਮਰੀਕੀ ਸਰਕਾਰ ਪਾਕਿਸਤਾਨ ਦੇ ਲੋਕਾਂ ਦੇ ਖ਼ਿਲਾਫ਼ ਹਰ ਤਰ੍ਹਾਂ ਦੇ ਜਬਰ-ਜ਼ੁਲਮ ਵਿਚ ਹਰੇਕ ਫੌਜੀ ਅਤੇ ਗੈਰ ਫੌਜੀ ਜਾਬਰ ਨਾਲ ਇੱਕ-ਮਿੱਕ ਸੀ। ਅਯੂਬ ਦਾ ਦੌਰ ਸੀ ਜਾਂ ਜ਼ਿਆ ਉੱਲ ਹੱਕ ਦਾ, ਅਮਰੀਕਨ ਸਰਕਾਰ ਮਿਲਟਰੀ ਹਾਕਮਾਂ ਨਾਲ ਡੱਟ ਕੇ ਖੜੀ ਸੀ। ਭੁੱਟੋ ਨੇ ਜਿਸ ਵੇਲੇ ਬਲੋਚਿਸਤਾਨ ਵਿਚ ਹਵਾਈ ਜਹਾਜ਼ਾਂ ਨਾਲ ਬੰਬਾਰੀ ਕੀਤੀ ਤਾਂ ਉਸ ਵੇਲੇ ਅਮਰੀਕਨ ਫੌਜ ਅਤੇ ਸਰਕਾਰ ਦੀ ਉਸਨੂੰ ਵੀ ਪੂਰੀ ਹਿਮਾਇਤ ਹਾਸਲ ਸੀ ਅਤੇ ਉਹ ਉਸਨੂੰ ਇਕ ਵੱਡਾ ਜਮਹੂਰੀ ਲੀਡਰ ਕਹਿ ਕੇ ਨਿਵਾਜਦੇ ਸਨ ਅਤੇ ਕਹਿੰਦੇ ਸਨ ਕਿ ਹੁਣ ਪਾਕਿਸਤਾਨ ਵਿਚ ਜਮਹੂਰੀਅਤ ਬਹਾਲ ਹੋ ਗਈ ਹੈ ਅਤੇ ਪਾਕਿਸਤਾਨ ਬਹੁਤ ਤਰੱਕੀ ਕਰ ਰਿਹਾ ਹੈ।

ਫੇਰ ਹੁਣ ਕੀ ਗੱਲ ਹੋ ਗਈ ਹੈ ਕਿ ਪਾਕਿਸਤਾਨ ਉੱਤੇ ਹਮਲੇ ਕਰਨ ਦੀ ਵੀ ਗੱਲ ਹੋ ਰਹੀ ਹੈ? ਹਰ ਰੋਜ਼ ਮੀਡੀਆ ਪਾਕਿਸਤਾਨ ਦੇ ਖ਼ਿਲਾਫ਼ ਸ਼ੋਰ ਨਾਲ ਭਰਿਆ ਰਹਿੰਦਾ ਹੈ। ਇਕ ਗੱਲ ਤਾਂ ਸਾਫ਼ ਹੈ ਕਿ ਪਿਛਲੇ ੬੦ ਸਾਲਾਂ ਦੀ ਦੋਸਤੀ ਨੇ ਪਾਕਿਸਤਾਨ ਦੇ ਲੋਕਾਂ ਦਾ ਕੁਝ ਨਹੀ ਸੁਆਰਿਆ ।ਪਾਕਿਸਤਾਨ ਦੇ ਲੋਕਾਂ ਨੇ ਇਸ ਦੋਸਤੀ ਨਾਲ ਦੁਖ ਹੀ ਉਠਾਏ ਹਨ। ਇਸ ਦੋਸਤੀ ਨਾਲ ਉਨ੍ਹਾਂ ਨੇ ਤਾਂ ਜ਼ੁਲਮ ਅਤੇ ਜਬਰ ਦੀ ਫਸਲ ਹੀ ਕੱਟੀ ਹੈ। ਲੋਕ ਪੁੱਛਦੇ ਹਨ ਕਿ ਅਮਰੀਕਾ ਆਖ਼ਰ ਚਾਹੁੰਦਾ ਕੀ ਹੈ? ਪਾਕਿਸਤਾਨੀ ਹਾਕਮ ਟੋਲੇ ਨੇ ਤਾਂ ਹਮੇਸ਼ਾਂ ਹੀ ਅਮਰੀਕਾ ਦਾ ਪੱਖ ਹੀ ਪੂਰਿਆ ਹੈ, ਹੁਣ ਕੀ ਹੋ ਗਿਆ ਹੈ? ਪਾਕਿਸਤਾਨੀ ਹਾਕਮ ਟੋਲੇ ਦੇ ਵੱਖ ਵੱਖ ਧੜੇ ਵੀ ਅਮਰੀਕਾ ਅੱਗੇ ਸੁਆਲ ਉਠਾ ਰਹੇ ਹਨ ਕਿ ਹਜ਼ੂਰ ਅਸੀਂ ਤਾਂ ਹਮੇਸ਼ਾ ਤੁਹਾਡੇ ਤਾਬੇਦਾਰ ਰਹੇ ਹਾਂ ਕਦੇ ਗਲਤੀ ਨਾਲ ਵੀ ਪਾਕਿਸਤਾਨ ਦੇ ਲੋਕਾਂ ਦੇ ਭਲੇ ਦੀ ਗੱਲ ਨਹੀਂ ਕੀਤੀ ਤੁਹਾਡੀ ਹੀ ਸੇਵਾ ਕੀਤੀ ਹੈ, ਦੱਸੋ ਸਾਥੋਂ ਕੀ ਗਲਤੀ ਹੋ ਗਈ ਹੈ?

ਹਿੰਦੁਸਤਾਨ ਦਾ ਹਾਕਮ ਟੋਲਾ ਇਸ ਗੱਲ ਤੋਂ ਬੜਾ ਖੁਸ਼ ਲਗਦਾ ਹੈ ਕਿ ਹੁਣ ਊਠ ਪਹਾੜ ਹੇਠਾਂ ਆ ਗਿਆ ਹੈ, ਹੁਣ ਅਮਰੀਕਾ ਸਾਡੀ ਗੱਲ ਮੰਨਣ ਲੱਗ ਪਿਆ ਹੈ, ਅਸੀਂ ਪਹਿਲਾਂ ਹੀ ਕਹਿੰਦੇ ਹੁੰਦੇ ਸੀ ਕਿ ਪਾਕਿਸਤਾਨ ਹੀ ਸਾਡੇ ਸਾਰਿਆਂ ਮਸਲਿਆਂ ਦੀ ਜੜ੍ਹ ਹੈ ਪਰ ਉਸ ਵੇਲੇ ਸਾਡੀ ਕਿਸੇ ਨਹੀਂ ਸੁਣੀ ਹੁਣ ਤੁਹਾਡੇ ਖਾਨੇ ਇਹ ਗੱਲ ਪੈਣ ਲਗ ਪਈ ਹੈ। ਉਹ ਇਸ ਗੱਲ ਤੇ ਬਾਗ-ਬਾਗ ਹਨ ਕਿ ਹੁਣ ਅਮਰੀਕਾ ਹਿੰਦੁਸਤਾਨ ਨੂੰ ਇਸ ਖ਼ਿੱਤੇ ਵਿਚ ਆਪਣਾ ਕਰੀਬੀ ਦੋਸਤ ਸਮਝਣ ਲਗ ਪਿਆ ਹੈ।

ਹਿੰਦੁਸਤਾਨ ਦਾ ਹਾਕਮ ਟੋਲਾ ਤਾਰੀਖ਼ ਦਾ ਸਬਕ ਸਿੱਖਣ ਨੂੰ ਤਿਆਰ ਨਹੀਂ ਹੈ ਕਿ ਅਮਰੀਕਾ ਅਤੇ ਸਾਮਰਾਜ ਭਸਮਾਸੁਰ ਹਨ ਕਿ ਉਹ ਜਿਹਨੂੰ ਵੀ ਗਲ ਲਾਉਂਦੇ ਹਨ ਉਹ ਹੀ ਭਸਮ ਹੋ ਜਾਂਦਾ ਹੈ। ਪਾਕਿਸਤਾਨ ਨਾਲ ੬੦ ਸਾਲਾਂ ਦੀ ਅਮਰੀਕੀ ਦੋਸਤੀ ਦਾ ਜੋ ਨਤੀਜਾ ਹੈ ਉਹ ਸਭ ਦੇ ਸਾਮ੍ਹਣੇ ਹੈ। ਜਹਾਲਤ, ਗੁਰਬਤ, ਕਤਲੋਗਾਰਤ, ਤਬਾਹੀ, ਜਬਰ ਅਤੇ ਜ਼ੁਲਮ ਇਸ ਦਾ ਹੀ ਫਲ ਹਨ। ਹਿੰਦੁਸਤਾਨ ਦੇ ਹਾਕਮ ਲਾਣੇ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਮਰੀਕੀ ਦੋਸਤੀ ਹਿੰਦੁਸਤਾਨ ਦੇ ਲੋਕਾਂ ਦਾ ਵੀ ਇਹੋ ਹਸ਼ਰ ਕਰੇਗੀ।